ਮੁਖਵਾਕ ਨੰਬਰ ੪੩ [ਆਦਿ ਅੰਗ ੫੯੧]

***ਸਲੋਕੁ ਮਃ ੩ ॥ ਬਿਨੁ ਸਤਿਗੁਰ ਸੇਵੇ ਜਗਤੁ ਮੁਆ ਬਿਰਥਾ ਜਨਮੁ ਗਵਾਇ ॥ ਦੂਜੈ ਭਾਇ ਅਤਿ ਦੁਖੁ ਲਗਾ ਮਰਿ ਜੰਮੈ ਆਵੈ ਜਾਇ ॥ ਵਿਸਟਾ ਅੰਦਰਿ ਵਾਸੁ ਹੈ ਫਿਰਿ ਫਿਰਿ ਜੂਨੀ ਪਾਇ ॥ ਨਾਨਕ ਬਿਨੁ ਨਾਵੈ ਜਮੁ ਮਾਰਸੀ ਅੰਤਿ ਗਇਆ ਪਛੁਤਾਇ ॥੧॥ ਮਃ ੩ ॥ ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥ ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ ॥ ਪੂਰੈ ਗੁਰਿ ਵੇਖਾਲਿਆ ਸਬਦੇ ਸੋਝੀ ਪਾਈ ॥ ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ ॥ ਤਿਸ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ ॥ ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ ਨਾ ਆਵੈ ਨਾ ਜਾਈ ॥ ਅਨਦਿਨੁ ਸੇਵਕੁ ਸੇਵਾ ਕਰੇ ਹਰਿ ਸਚੇ ਕੇ ਗੁਣ ਗਾਈ ॥ ਨਾਨਕੁ ਵੇਖਿ ਵਿਗਸਿਆ ਹਰਿ ਸਚੇ ਕੀ ਵਡਿਆਈ ॥੨॥ ਪਉੜੀ ॥ ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ ਹਰਿ ਨਾਮੋ ਤਿਨ ਕੰਉ ਰਖਣਹਾਰਾ ॥ ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ ਹਰਿ ਨਾਮੁ ਸਖਾਈ ਮਿਤ੍ਰੁਹਮਾਰਾ ॥ ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ ॥ ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ ॥ ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ ॥੧੫॥***

## ਸਲੋਕ ਮਃ ੩ ॥
## ਬਿਨੁ ਸਤਿਗੁਰੁ ਸੇਵੇ ਜਗਤੁ ਮੁਆ ਬਿਰਥਾ ਜਨਮੁ ਗਵਾਇ ॥

ਇਸ ਅੰਮ੍ਰਿਤ ਬਚਨ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਫੁਰਮਾਨ ਕਰਦੇ ਹਨ ਕਿ ਸਾਰਾ ਜਗਤੁ=ਸੰਸਾਰ ਸਤਿਗੁਰਾਂ ਦੀ ਸੇਵਾ ਕਰਨ ਤੋਂ ਬਿਨਾਂ ਆਪਣੇ ਮਨੁੱਖਾ ਜਨਮ ਨੂੰ ਬਿਰਥਾ=ਬਿਅਰਥ=ਨਿਹਫਲ ਗਵਾ ਕੇ ਮਰ ਰਿਹਾ ਹੈ। ਸਤਿਗੁਰਾਂ ਨੇ ਜੋ ਵੀ ਬਾਣੀ ਗੁਰਸਿੱਖਾਂ ਨੂੰ ਉਪਦੇਸ਼ ਦੇਣ ਹਿੱਤ ਉਚਾਰੀ ਹੈ ਉਸ ਉਪਦੇਸ਼ ਨੂੰ ਦੇਣ ਤੋਂ ਪਹਿਲਾਂ ਉਹ ਗੱਲ ਆਪ ਕਮਾ ਕੇ ਦਿਖਾਈ ਹੈ। ਬਾਕੀ ਦੇ ਜੋ ਪਖੰਡੀ ਗੁਰੂ ਹਨ ਭਾਵੇ ਉਪਦੇਸ਼ ਤਾਂ ਉਹ ਵੀ ਕਰਦੇ ਹਨ ਪਰ ਉਹਨਾਂ ਬਾਰੇ ਬਾਣੀ ਦਾ ਫੁਰਮਾਣ ਹੈ।

ਯਥਾ— **ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥** [ਬਿਲਾਵਲੁ ਮਹਲਾ ੧, ਅੰਗ ੮੩੧]

ਕਿ ਉਹਨਾਂ ਮਨਮੁੱਖ ਪਖੰਡੀ ਲੋਕਾਂ ਦੀ ਸੰਸਾਰ ਪ੍ਰਤੀ ਕਥਨੀ ਤਾਂ ਹੈ। ਪਰ ਜੋ ਉਪਦੇਸ਼ ਉਹ ਹੋਰਾਂ ਨੂੰ ਕਰਦੇ ਹਨ ਉਸ ਨੂੰ ਆਪਣੇ ਆਪ ਤੇ ਨਹੀਂ ਢਾਲਿਆ ਹੋਇਆ, ਭਾਵ ਉਸ ਦੀ ਕਮਾਈ ਨਹੀਂ ਕਰਦੇ।

ਯਥਾ— **ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥** [ਗਉੜੀ ਮਹਲਾ ੫, ਅੰਗ ੨੬੯]

ਫਿਰ ਐਸੇ ਪੁਰਸ਼ ਸੰਸਾਰ ਵਿੱਚ ਜੰਮਦੇ ਮਰਦੇ ਹਨ। ਫਿਰ ਐਸੇ ਪੁਰਸ਼ਾਂ ਦਾ ਉਪਦੇਸ਼ ਤੇ ਉਹਨਾਂ ਦੀ ਸੇਵਾ ਲੋਕਾਂ ਨੂੰ ਜੰਮਣ ਮਰਨ ਤੋਂ ਕਿਵੇਂ ਰਹਿਤ ਕਰ ਸਕਦੀ ਹੈ। ਜਿਨ੍ਹਾਂ ਦੇ ਮਨ ਵਿੱਚ ਤਾਂ ਹੋਰ ਗੱਲ ਭਾਵ ਮੰਦੀ ਚਿਤਵਨੀ ਹੋਵੇ ਤੇ ਮੁਖ ਤੋਂ ਬ੍ਰਹਮ ਗਿਆਨ ਦਾ ਉਪਦੇਸ਼ ਕਰਦੇ ਹੋਣ ਉਹਨਾਂ ਨੂੰ ਗੁਰਬਾਣੀ ਨੇ ਕੱਚੇ ਕਿਹਾ ਹੈ।

ਯਥਾ— **ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥** [ਆਸਾ ਸੇਖ ਫਰੀਦ ਜੀ, ਅੰਗ ੪੮੮]

ਐਸੇ ਕੱਚੇ ਪੁਰਸ਼ਾਂ ਨਾਲੋਂ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਨਾਤਾ ਤੋੜਨ ਲਈ ਕਿਹਾ।

ਯਥਾ— **ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥**
[ਮਾਰੂ ਵਾਰ ਡਖਣੇ ਮਃ ੫, ਅੰਗ ੧੧੦੨]

PDF created with pdfFactory Pro trial version www.pdffactory.com

ਜੇ ਉੱਪਰ ਵਾਲੀ ਪੰਕਤੀ ਵਿੱਚ ਗੁਰੂ ਸਾਹਿਬ ਨੇ ਸੇਵਾ ਦੀ ਗੱਲ ਕੀਤੀ ਤਾਂ ਪਹਿਲਾਂ ਆਪ ਸੇਵਾ ਕਰਕੇ ਦਿਖਾਈ ਫਿਰ ਗੁਰਸਿੱਖਾਂ ਨੂੰ ਉਪਦੇਸ਼ ਦਿੱਤਾ। ਕਿ ਸੇਵਾ ਤੋਂ ਬਿਨਾਂ ਅੱਜ ਤੱਕ ਕਿਸੇ ਨੇ ਕੁਝ ਵੀ ਪ੍ਰਾਪਤ ਨਹੀਂ ਕੀਤਾ।

ਯਥਾ— **ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ॥** [ਮਾਰੂ ਮਹਲਾ ੧, ਅੰਗ ੯੯੨]

ਇਸ ਲਈ ਜੇ ਤੁਸੀਂ ਆਪਣੇ ਇਸ ਅਮੋਲਕ ਜਨਮ ਨੂੰ ਗਿਆਨ ਫਲ ਦੇ ਸਹਿਤ ਕਰਨਾ ਹੈ ਤਾਂ ਨਿਸ਼ਕਾਮ ਸੇਵਾ ਹੀ ਸ੍ਰੇਸ਼ਟ ਕਰਨੀ ਹੈ। ਨਹੀਂ ਤਾਂ ਤੁਸੀਂ ਵੀ ਸੰਸਾਰ ਵਾਂਗ ਇਸ ਅਮੋਲਕ ਜਨਮ ਨੂੰ ਬਿਅਰਥ ਗਵਾ ਕੇ ਚਲੇ ਜਾਵੋਗੇ। ਇਹ ਵੀ ਖ਼ਿਆਲ ਕਰਨਾ ਹੈ ਕਿ ਸੇਵਾ ਪੂਰੇ ਸਤਿਗੁਰੂ ਦੀ ਹੀ ਕਰਨੀ ਹੈ, ਜਿਸ ਕਰਕੇ ਅਸੀਂ ਦਰਗਾਹ ਅੰਦਰ ਲੇਖਾ ਦੇਣ ਤੋਂ ਵੀ ਬਚ ਜਾਈਏ, ਕਿਉਂਕਿ ਪੂਰੇ ਗੁਰੂ ਵਿੱਚ ਇਹ ਸਮਰੱਥਾ ਹੈ ਕਿ ਉਹ ਆਪਣੇ ਸੇਵਕਾਂ ਦਾ ਦਰਗਹ ਵਿੱਚ ਹੋਣ ਵਾਲਾ ਲੇਖਾ ਖਤਮ ਕਰ ਦਿੰਦਾ ਹੈ।

ਯਥਾ—**ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ** [ਜੈਤਸਰੀ ਮਹਲਾ ੪, ਅੰਗ ੬੯੮]

## ***ਦੂਜੈ ਭਾਇ ਅਤਿ ਦੁਖੁ ਲਗਾ ਮਰਿ ਜੰਮੈ ਆਵੈ ਜਾਇ ॥***

ਜਿਸ ਜੀਵ ਅੰਦਰ ਦਵੈਸ਼ ਭਾਵਨਾ ਹੈ, ਉਸ ਨੂੰ ਜੰਮਣ ਮਰਣ ਰੂਪ ਅਤਿ=ਅਤਿਸ਼ੈ ਕਰਕੇ ਵੱਡਾ ਦੁੱਖ ਲੱਗਿਆ ਹੈ। ਇਸ ਦਵੈਸ਼ ਕਰਕੇ ਹੀ ਜੀਵ ਸੰਸਾਰ ਵਿੱਚ ਆਉਂਦਾ ਹੈ ਵਾ—ਦਵੈਸ਼ ਭਾਵਨਾ ਕਰਕੇ ਹੀ ਅਗਿਆਨਤਾ ਰੂਪੀ ਦੁਖ ਲੱਗਿਆ ਹੈ ਅਤੇ ਇਸ ਅਗਿਆਨਤਾ ਕਰਕੇ ਜੰਮੈ=ਜਨਮ ਲੈ ਕੇ ਸੰਸਾਰ ਵਿੱਚ ਆਇ=ਆਉਂਦਾ ਹੈ ਤੇ ਮਰਿ=ਮਰਕੇ ਸੰਸਾਰ ਵਿੱਚੋਂ ਜਾਇ=ਚਲਾ ਜਾਂਦਾ ਹੈ। ਜਿਤਨੀ ਦੇਰ ਤੱਕ ਸਾਡੇ ਅੰਦਰੋਂ ਦਵੈਸ਼ ਭਾਵਨਾ ਨਹੀਂ ਮਿਟਦੀ ਉਤਨੀ ਦੇਰ ਤੱਕ ਜੰਮਣਾ ਮਰਣਾ ਬਣਿਆ ਰਹੇਗਾ। ਜੰਮਣ ਮਰਨ ਤੋਂ ਰਹਿਤ ਹੋਣ ਵਾਸਤੇ ਦਵੈਸ਼ ਦਾ ਖਾਤਮਾ ਜਰੂਰੀ ਹੈ।

## ***ਵਿਸਟਾ ਅੰਦਰਿ ਵਾਸੁ ਹੈ ਫਿਰਿ ਫਿਰਿ ਜੂਨੀ ਪਾਇ॥***

ਜੋ ਪੁਰਸ਼ ਦਵੈਸ਼ ਦੇ ਸਹਿਤ ਹਨ ਉਹਨਾਂ ਦਾ ਪਹਿਲਾਂ ਮਾਤਾ ਦੇ ਗਰਭ ਰੂਪ ਵਿਸ਼ਟਾ ਦੇ ਵਿੱਚ ਜਨਮ ਲੈਣ ਤੋਂ ਬਾਅਦ ਉਸ ਦਾ ਵਿਸ਼ਿਆਂ ਰੂਪੀ ਗੰਦਗੀ ਵਿੱਚ ਵਾਸਾ ਹੁੰਦਾ ਹੈ ਤੇ ਐਸਾ ਪੁਰਸ਼ ਫਿਰਿ ਫਿਰਿ=ਵਾਰ-ਵਾਰ ਟੇਢੀਆਂ ਜੂਨੀਆਂ ਵਿੱਚ ਪੈਂਦਾ ਹੈ ਵਾ ਦਵੈਸ਼ ਵਾਲਾ ਜੀਵ ਗੰਦਗੀ ਦਾ ਕੀੜਾ ਬਣ ਕੇ ਵਿਸ਼ਟਾ ਵਿੱਚ ਨਿਵਾਸ ਕਰਦਾ ਹੈ। ਤੇ ਫਿਰਿ-ਫਿਰਿ=ਮੁੜ-ਮੁੜ ਉਸਨੂੰ ਗੰਦਗੀ ਦੇ ਕੀੜੇ ਦੀ ਜੂਨੀ ਵਿੱਚ ਪਾਇਆ ਜਾਂਦਾ ਹੈ।

## ***ਨਾਨਕ ਬਿਨੁ ਨਾਵੈ ਜਮੁ ਮਾਰਸੀ ਅੰਤਿ ਗਇਆ ਪਛੁਤਾਇ ॥੧॥ ॥***

ਸਤਿਗੁਰੂ ਜੀ ਫੁਰਮਾਣ ਕਰਦੇ ਹਨ ਕਿ ਨਾਮ ਤੋਂ ਹੀਣੇ ਜੀਵ ਨੂੰ ਜਮੁ=ਜਮਦੂਤ ਮਾਰਸੀ=ਮਾਰਦਾ ਹੈ। ਐਸਾ ਨਾਮ ਤੋਂ ਹੀਣਾ ਜੀਵ ਅੰਤ ਸਮੇਂ ਪ੍ਰਲੋਕ ਨੂੰ ਪਛਤਾਉਂਦਾ ਹੀ ਗਇਆ ਹੈ ਪਰ ਫਿਰ ਪਛਤਾਵੇ ਦਾ ਕੋਈ ਮੁੱਲ ਨਹੀਂ ਰਹਿੰਦਾ।

ਯਥਾ— **ਅਬ ਪਛਤਾਇ ਕਿਆ ਬਣੇ ਜਬ ਚਿੜੀਆ ਚੁਗ ਗਈ ਖੇਤ॥** [ਲੋਕਿਕ ਪ੍ਰਮਾਨ]

ਨਾਮ ਤੋਂ ਹੀਣੇ ਪੁਰਸ਼ ਦੀ ਦਸ਼ਾ ਦਸਦੇ ਹੋਏ ਸਤਿਗੁਰੂ ਜੀ ਫੁਰਮਾਣ ਕਰਦੇ ਹਨ।

ਯਥਾ— **੧. ਬਿਨੁ ਨਾਵੈ ਜਮ ਡੰਡੁ ਸਹੈ ਮਰਿ ਜਨਮੈ ਵਾਰੋ ਵਾਰ॥** [ਮਲਾਰ ਮਹਲਾ ੩, ਅੰਗ ੧੨੭੬]

**੨. ਬਿਨੁ ਨਾਵੈ ਜਮੁ ਕੈ ਵਸਿ ਹੈ ਮਨਮੁਖਿ ਅੰਧ ਗਵਾਰਿ॥** [ਆਸਾ ਮਃ ੩, ਅੰਗ ੩੬੫]

PDF created with pdfFactory Pro trial version www.pdffactory.com

## ਮਃ ੩ ॥ ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥

ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਕਥਨ ਕਰਦੇ ਹਨ ਕਿ ਇਸ ਸੰਸਾਰ ਵਿੱਚ ਸਾਰੇ ਹੀ ਜੀਵ ਇਸਤਰੀਆਂ ਹੀ ਹਨ। ਪ੍ਰਮਾਤਮਾ ਪੁਰਖ ਰੂਪ ਹੈ। ਇਸ ਸਬਾਈ=ਸਾਰੀ ਸ੍ਰਿਸ਼ਟੀ ਮਹਿ=ਵਿੱਚ ਹੋਰ ਸਗਲੀ=ਸਾਰੀਆਂ ਨਾਰਿ= ਨਾਰੀਆਂ, ਇਸਤਰੀਆਂ ਹਨ, ਆਤਮਾ ਰੂਪ ਹੋਣ ਤੇ ਇਸਤਰੀਆਂ ਹਨ ਆਤਮਾ ਸ਼ਬਦ ਇਸਤਰੀ ਵਾਚਕ ਹੈ। ਪ੍ਰਮਾਤਮਾ ਸ਼ਬਦ ਪੁਰਸ਼ ਵਾਚਕ ਹੈ। ਪੁਰਖ ਪੁਣਾ ਪਰਮਾਤਮਾ ਵਿੱਚ ਹੈ। ਉਹ ਸਿਰਫ ਇਕ ਹੈ। ਇਸਤਰੀ ਪੁਣਾ ਜੀਵਾਂ ਵਿੱਚ ਹੈ ਜੋ ਅਨੇਕਾਂ ਹਨ ਪੁਰਖੁ=ਬਿਆਪਕ ਇਹ ਗੁਣ ਪ੍ਰਮਾਤਮਾ ਦਾ ਹੀ ਹੈ ਜੀਵ ਦਾ ਨਹੀਂ, ਗੁਰਬਾਣੀ ਵਿੱਚ ਪਰਮਾਤਮਾ ਨੂੰ ਜੀਵਾਂ ਨੂੰ ਇਸਤਰੀਆਂ ਰੂਪ ਸਵੀਕਾਰ ਕੀਤਾ ਹੈ।

## ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ ॥

ਉਹ ਵਾਹਿਗੁਰੂ ਪੁਰਖ ਸਾਰੇ ਘਟਾਂ ਨੂੰ ਭੋਗਦਾ ਹੋਇਆ ਭੀ ਸੰਸਾਰ ਤੋਂ ਅਲਿਪਤ=ਨਿਰਲੇਪ ਰਹਿੰਦਾ ਹੈ ਅਲਖ ਹੋਣ ਕਰਕੇ ਲਖਣਾ=ਜਾਣਿਆ ਨਹੀਂ ਜਾਂਦਾ ਵਾ ਉਹ ਅਲਖੁ=ਨਾ ਜਾਨਣ ਯੋਗ ਪ੍ਰਮਾਤਮਾ ਗੁਰੂ ਤੋਂ ਬਿਨਾਂ ਲਖਣਾ=ਜਾਣਿਆ ਨਹੀਂ ਜਾਂਦਾ।

ਯਥਾ— **ਦੀਸਹਿ ਸਭ ਸੰਗਿ ਰਹਹਿ ਅਲੇਪਾ ਨਹ ਵਿਆਪੈ ਉਨ ਮਾਈ ॥**

[ਜੈਤਸਰੀ ਮਃ ੫, ਅੰਗ ੭੦੧]

## ਪੂਰੈ ਗੁਰਿ ਵੇਖਾਲਿਆ ਸਬਦੇ ਸੋਝੀ ਪਾਈ ॥

ਪੂਰੇ ਸਤਿਗੁਰਾਂ ਨੇ ਸਬਦੇ=ਉਪਦੇਸ਼ ਦੁਆਰਾ ਸੋਝੀ=ਗਿਆਤ ਪਾਈ=ਪਾ ਕੇ ਉਸ ਅਕਾਲ ਪੁਰਖ ਪ੍ਰਮੇਸ਼ਰ ਨੂੰ ਵੇਖਾਲਿਆ=ਵਿਖਾ ਦਿੱਤਾ ਹੈ।

ਯਥਾ— **੧. ਗੁਰਿ ਪੂਰੈ ਵੇਖਾਲਿਆ ਨਾਨਕ ਹਰਿ ਲਿਵ ਲਾਗੁ ॥** [ਬਿਲਾਵਲੁ ਮਹਲਾ ੪, ਅੰਗ ੮੪੫]

**੨. ਗੁਰਿ ਪੂਰੈ ਵੇਖਾਲਿਆ ਪ੍ਰਭੁ ਆਤਮ ਰਾਮੁ ਪਛਾਨੁ ।** [ਸੂਹੀ ਮਹਲਾ ੩, ਅੰਗ ੭੫੭]

## ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ ॥

ਜੋ ਜੀਵ ਉਸ ਪ੍ਰਮੇਸ਼ਰ ਵਾਹਿਗੁਰੂ ਪੁਰਖ ਨੂੰ ਸੇਵਹਿ=ਸੇਵਨਾ ਕਰਦੇ ਹਨ ਉਹ ਅਕਾਲ ਪੁਰਖ ਦਾ ਹੀ ਸਰੂਪ ਹੋ ਜਾਂਦੇ ਹਨ ਵਾ-ਜੋ ਪ੍ਰਮੇਸ਼ਰ ਪੁਰਖ ਨੂੰ ਸੇਵਨਾ ਕਰਦੇ ਹਨ ਉਹ ਜੇ ਕਦੇ ਜਨਮ ਵੀ ਧਾਰਨ ਤਾਂ ਪੁਰਖ ਹੋਵਹਿ=ਪੁਰਖ ਜਾਮੇ ਵਿੱਚ ਪੈਦਾ ਹੁੰਦੇ ਹਨ ਅਤੇ ਜੋ ਦੇਵੀਆਂ ਦੀ ਪੂਜਾ ਸੇਵਨ ਕਰਦੇ ਹਨ। ਉਹਨਾਂ ਨੂੰ ਇਸਤਰੀ ਜਾਮਾ ਮਿਲਦਾ ਹੈ।

ਯਥਾ— **ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥** [ਗੋਂਡ ਨਾਮਦੇਉ ਜੀ, ਅੰਗ ੮੭੪]

ਪਰ ਅਕਾਲ ਪੁਰਖ ਨੂੰ ਉਹੀ ਸੇਵਦਾ ਹੈ ਜਿਸ ਨੇ ਗੁਰਾਂ ਦੇ ਸਬਦਿ=ਉਪਦੇਸ ਵਾ ਗੁਰਾਂ ਦੀ ਬਾਣੀ ਦੁਆਰਾ ਹਉਮੈ ਨੂੰ ਜਲਾਈ=ਜਲਾਉਣਾ ਕੀਤਾ ਹੈ।

## ਤਿਸ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ ॥

ਜਿਸ ਪੁਰਸ਼ ਨੇ ਹਉਮੈ ਨੂੰ ਸਾੜ ਦਿੱਤਾ ਹੈ ਉਸ ਦਾ ਕੋਈ ਵੀ ਸਰੀਕ ਨਹੀਂ ਅਤੇ ਕੰਟਕੁ=ਦੁਖਦਾਈ ਵੈਰੀ ਉਸਦਾ ਕੋਈ ਨਹੀਂ ਹੈ। ਵਾ ਉਸ ਪ੍ਰਮੇਸ਼ਰ ਦਾ ਨਾ ਕੋਈ ਸਰੀਕੁ=ਭਾਵ ਉਸਦੇ ਬਰਾਬਰ ਦਾ ਹੈ ਅਤੇ ਨਾ ਕੋਈ ਉਸ ਅਕਾਲ ਪੁਰਖ ਦਾ ਦੁਖਦਾਈ ਵੈਰੀ ਹੈ।

PDF created with pdfFactory Pro trial version www.pdffactory.com

ਯਥਾ— **੧. ਤੇਰਾ ਸਰੀਕੁ ਕੋ ਨਾਹੀ ਜਿਸ ਨੋ ਲਵੈ ਲਾਇ ਸੁਣਾਇਆ॥**
[ਗਉੜੀ ਕੀ ਵਾਰ ਮਹਲਾ ੪, ਅੰਗ ੩੦੧]

**੨. ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥**
[ਕਾਨੜਾ ਮਹਲਾ ੫, ਅੰਗ ੧੨੯੯]

## *ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ ਨਾ ਆਵੈ ਨਾ ਜਾਈ ॥*

ਤਿਸੁ=ਉਸ ਪ੍ਰਮੇਸ਼ਰ ਕੇਰਾ=ਦਾ ਰਾਜ=ਹੁਕਮ ਅਥਵਾ ਸਰੂਪ ਨਿਹਚਲ=ਅਚਲ ਹੈ ਭਾਵ ਚਲਾਏ ਮਾਨ ਨਹੀਂ ਹੈ। ਇਸੇ ਕਰਕੇ ਉਹ ਨਾ ਆਉਂਦਾ ਹੈ ਨਾ ਹੀ ਜਾਂਦਾ ਹੈ ਵਾ-ਜਿਨ੍ਹਾਂ ਪੁਰਸ਼ਾਂ ਨੇ ਪ੍ਰਮੇਸ਼ਰ ਨੂੰ ਸੇਵਨੇ ਕਰਕੇ ਹਉਮੈ ਨਾਸ ਕੀਤੀ ਹੈ ਉਹਨਾਂ ਨੂੰ ਸਰੂਪ ਰੂਪੀ ਅਚੱਲ ਰਾਜ ਦੀ ਪ੍ਰਾਪਤੀ ਹੁੰਦੀ ਹੈ। ਤੇ ਉਹ ਨਾ ਸੰਸਾਰ ਵਿੱਚ ਆਵੈ=ਜੰਮਦਾ ਹਨ ਤੇ ਨਾ ਹੀ ਜਾਈ=ਮਰਦੇ ਹਨ। ਭਾਵ ਜੰਮਣ ਮਰਨ ਤੋਂ ਰਹਿਤ ਹੋ ਜਾਂਦੇ ਹਨ।

ਯਥਾ— **ਦਾਸੁ ਕਮੀਰੁ ਚੜ੍ਹਿਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ॥**
[ਭੈਰਉ ਕਬੀਰ ਜੀ, ਅੰਗ ੧੧੬੨]

## *ਅਨਦਿਨੁ ਸੇਵਕੁ ਸੇਵਾ ਕਰੇ ਹਰਿ ਸਚੇ ਕੇ ਗੁਣ ਗਾਈ ॥*

ਉਸ ਪ੍ਰਮੇਸ਼ਰ ਦੇ ਸੇਵਕ ਅਨਦਿਨੁ=ਰਾਤ ਦਿਨ ਵਾਹਿਗੁਰੂ ਦੀ ਸੇਵਾ ਕਰੇ=ਕਰਦੇ ਹਨ ਤੇ ਉਸ ਸੱਚੇ ਹਰਿ=ਪ੍ਰਮੇਸ਼ਰ ਦੇ ਗੁਣਾਂ ਨੂੰ ਗਾਈ=ਗਾਉਂਦੇ ਹਨ। ਵਾ ਜਿਸ ਨੇ ਨਿਹਚਲ ਰਾਜ ਪ੍ਰਾਪਤ ਕਰਨਾ ਹੈ ਉਹ ਸੇਵਕ ਬਣ ਕੇ ਰਾਤ ਦਿਨ ਗੁਰੂ ਦੀ ਸੇਵਾ ਕਰੇ ਤੇ ਸੱਚੇ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਵੇ।

## *ਨਾਨਕੁ ਵੇਖਿ ਵਿਗਸਿਆ ਹਰਿ ਸਚੇ ਕੀ ਵਡਿਆਈ ॥੨॥*

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾਰੇ ਜਗਿਆਸੂ ਉਸ ਸਚੇ ਹਰਿ=ਵਾਹਿਗੁਰੂ ਜੀ ਵਡਿਆਈ ਨੂੰ ਵੇਖ ਕੇ ਵਿਗਸਿਆ=ਪ੍ਰਸੰਨ ਹੁੰਦੇ ਹਨ। ਜਿਸ ਨੇ ਉਹਨਾਂ ਨੂੰ ਨਿਹਚਲ ਰਾਜ ਬਖ਼ਸ਼ਿਆ ਹੈ।

## *ਪਉੜੀ ॥ ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ ਹਰਿ ਨਾਮੋ ਤਿਨ ਕੰਉ ਰਖਣਹਾਰਾ ॥*

ਜਿਨਾਂ ਜਗਿਆਸੂਆਂ ਦੇ ਹਿਰਦੇ ਵਿੱਚ ਸਦਾ ਹੀ ਹਰਿ=ਵਾਹਿਗੁਰੂ ਦਾ ਨਾਮ ਵਸਿਆ ਰਹਿੰਦਾ ਹੈ ਉਹਨਾਂ ਨੂੰ ਹਰਿ=ਵਾਹਿਗੁਰੂ ਦਾ ਨਾਮ ਵਾ ਨਾਮੀ ਵਾਹਿਗੁਰੂ ਸਾਰੇ ਦੁਖਾਂ ਕਲੇਸ਼ਾਂ ਤੋਂ ਰੱਖਣ ਵਾਲਾ ਹੈ।

## *ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ ਹਰਿ ਨਾਮੁ ਸਖਾਈ ਮਿਤ੍ਰੁਹਮਾਰਾ ॥*

ਕਿਉਂਕਿ ਉਹ ਜਗਿਆਸੂ ਇਹ ਨਿਸਚਾ ਕਰਦੇ ਹਨ ਕਿ ਹਰਿ=ਵਾਹਿਗੁਰੂ ਦਾ ਨਾਮ ਹੀ ਸਾਡਾ ਪਿਤਾ ਹੈ ਤੇ ਹਰਿ=ਪ੍ਰਮੇਸ਼ਰ ਦਾ ਨਾਮ ਹੀ ਮਾਂ ਹੈ ਤੇ ਹਰਿ=ਅਕਾਲ ਪੁਰਖ ਦਾ ਨਾਮ ਹੀ ਸਾਡਾ ਸਖਾਈ=ਪਿਆਰਾ ਮਿੱਤਰ ਹੈ। ਵਾ ਨਾਮੀ ਵਾਹਿਗੁਰੂ ਹੀ ਪਿਤਾ, ਨਾਮੀ ਵਾਹਿਗੁਰੂ ਹੀ ਮਾਤਾ ਤੇ ਨਾਮੀ ਵਾਹਿਗੁਰੂ ਸਾਡਾ ਪਿਆਰਾ ਵਾ ਸਾਥ ਦਾ ਮਿੱਤਰ ਹੈ।

ਯਥਾ— **ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥**
**ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥** [ਮਾਝ ਮਃ ੫, ਅੰਗ ੧੦੩]

PDF created with pdfFactory Pro trial version www.pdffactory.com

**ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ**
**ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ ॥**

ਐਸੇ ਹਰੀ ਦੇ ਨਾਮ ਨਾਲ ਅਸੀਂ ਅੰਤ੍ਰੰਗ ਕਮੇਟੀ ਵਤ ਗੁਪਤ ਗੱਲਾਂ ਕਰਦੇ ਹਾਂ ਤੇ ਹਰਿ=ਵਾਹਿਗੁਰੂ ਦੇ ਨਾਮ ਨਾਲ ਜਨਰਲ ਇਜਲਾਜ ਵਿਚ ਮਤਾ ਪਾਸ ਕਰਨ ਵਤ ਮਸਲਤਿ=ਸਲਾਹ ਕਰਦੇ ਹਨ ਕਿਉਂਕਿ ਪ੍ਰਮੇਸ਼ਰ ਦਾ ਨਾਮ ਵਾ ਨਾਮੀ ਵਾਹਿਗੁਰੂ ਸਾਡੀ ਨਿਤ ਹੀ ਸਾਰਾ=ਸੰਭਾਲ ਕਰਦਾ ਹੈ।

**ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ**
**ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ ॥**

ਹਰਿ=ਵਾਹਿਗੁਰੂ ਦਾ ਨਾਮ ਜਪਣ ਵਾਲੀ ਸੰਗਤ ਸਾਡੀ ਅਤਿਅੰਤ ਹੀ ਪਿਆਰੀ ਹੈ। ਵਾ ਹਰੀ ਵਾਹਿਗੁਰੂ ਦਾ ਨਾਮ ਹੀ ਅਤਿਸੈ ਕਰਕੇ ਸਾਡੀ ਪਿਆਰੀ ਸੰਗਤ ਹੈ ਹਰੀ ਪ੍ਰਮੇਸ਼ਰ ਦਾ ਨਾਮ ਹੀ ਸਾਡੀ ਅਚੁਤ ਕੁਲ ਹੈ ਅਤੇ ਹਰਿ=ਵਾਹਿਗੁਰੂ ਦਾ ਨਾਮ ਹੀ ਸਾਡਾ ਪਰਿਵਾਰ ਹੈ। ਜੋ ਸੰਸਾਰ ਦੀ ਵਾੜ ਤੋਂ ਪਰੇ ਕਰਨ ਵਾਲਾ ਹੈ।

**ਜਨ ਨਾਨਕ ਕਉ ਹਰਿ ਨਾਮੁ ਹਰਿ ਗੁਰਿ ਦੀਆ**
**ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ ॥੧੫॥**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਸਾਨੂੰ ਜਨਾਂ ਨੂੰ ਹਰਿ=ਹਰੀ ਦਾ ਨਾਮ ਗੁਰਾਂ ਨੇ ਦਿੱਤਾ ਹੈ ਵਾ ਹਰਿ=ਵਾਹਿਗੁਰੂ ਸਰੂਪ ਗੁਰਾਂ ਨੇ ਸਾਨੂੰ ਹਰਿ=ਪ੍ਰਮੇਸ਼ਰ ਦਾ ਨਾਮ ਦੇਣਾ ਕੀਤਾ ਹੈ। ਜੋ ਹਰਿ=ਪ੍ਰਮੇਸ਼ਰ ਵਾ ਹਰੀ ਦਾ ਨਾਮ ਸਦਾ ਹੀ ਸਾਡਾ ਹਲਤਿ ਪਲਤਿ=ਲੋਕ ਪ੍ਰਲੋਕ ਵਿਚ ਨਿਸਤਾਰਾ ਕਰਦਾ ਹੈ ਵਾ ਨਿਸ ਪਰਪੰਚ ਤੋਂ ਉਤਾਰਾ ਕਰਦਾ ਹੈ।

ਯਥਾ— **੧. ਹਰਿ ਹਰਿ ਨਾਮੁ ਜਪੰਤਿਆ ਕੋਇ ਨ ਬੰਧੈ ਵਾਟ ॥**
[ਰਾਮਕਲੀ ਕੀ ਵਾਰ ਮਃ ੫, ਅੰਗ ੯੬੧]

**੨. ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ ॥** [ਆਸਾ ਮਃ ੫, ਅੰਗ ੪੫੭]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੪੪ [ਆਦਿ ਅੰਗ ੫੯੩]

***ਸਲੋਕੁ ਮਃ ੩ ॥ ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥ ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥ ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥ ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥ ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥੧॥ ਮਃ ੩ ॥ ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ ॥ ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ॥ ਨਾਨਕ ਕਿਰਤਿ ਪਇਐ ਕਮਾਵਣਾ ਕੋਇ ਨ ਮੇਟਣਹਾਰੁ ॥੨॥ ਪਉੜੀ ॥ ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥ ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥ ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ ॥ ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥ ਧਨੁ ਧਨੁ ਸਤਿਗੁਰੂ ਮਿਤ੍ਰੁ ਹਮਾਰਾ ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ ॥੧੯॥***

## ਸਲੋਕ ਮਃ ੩ ॥
## ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥

ਇਸ ਅੰਮ੍ਰਿਤ ਬਚਨ ਵਿਚ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਫੁਰਮਾਨ ਕਰਦੇ ਹਨ ਕਿ ਅੱਜ ਤੱਕ ਮਨ ਦੇ ਹਠ ਦੁਆਰਾ ਕਿਸੇ ਨੇ ਵੀ ਉਸ ਅਕਾਲ ਪੁਰਖ ਪ੍ਰਮੇਸ਼ਰ ਨੂੰ ਨਹੀਂ ਪਾਇਆ ਭਾਵੇਂ ਸਾਰੇ ਜੀਵ ਪ੍ਰਮਾਤਮਾ ਨੂੰ ਪਾਉਣ ਲਈ ਮਨ ਦੇ ਹਠ ਦੁਆਰਾ ਕਰਮਾਂ ਨੂੰ ਕਮਾ ਦੇ ਥੱਕ ਗਏ ਹਨ। ਗੁਰੂ ਨਾਨਕ ਸਾਹਿਬ ਦੇ ਆਉਣ ਤੋਂ ਪਹਿਲਾਂ ਸੰਸਾਰ ਵਿਚ ਅਨੇਕਾਂ ਤਰ੍ਹਾਂ ਦੇ ਮੱਤ ਚਲਦੇ ਸਨ, ਜੋ ਕਿ ਆਪਣੇ-ਆਪਣੇ ਢੰਗ ਨਾਲ ਪ੍ਰਮਾਤਮਾ ਨੂੰ ਮਿਲਾਉਣ ਦਾ ਦਾਅਵਾ ਤੇ ਹਠ ਕਰਦੇ ਸਨ। ਬਹੁਤ ਮੱਤ ਉਹ ਸਨ; ਜਿਨ੍ਹਾਂ ਦਾ ਵੀਚਾਰ ਸੀ ਕਿ ਜਿਸਨੇ ਪ੍ਰਮਾਤਮਾ ਨੂੰ ਮਿਲਣਾ ਹੈ ਉਸਨੂੰ ਘਰ-ਬਾਰ ਤਿਆਗਣਾ ਪਵੇਗਾ, ਇਹਨਾਂ ਮੱਤਾਂ ਵਿਚ ਜੋਗ ਮੱਤ ਦਾ ਵਿਸ਼ੇਸ਼ ਅਸਥਾਨ ਹੈ ਜਿਸ ਵਿਚ ਸ਼ਾਮਲ ਹੋਣ ਵਾਸਤੇ ਪਹਿਲੀ ਸ਼ਰਤ ਹੀ ਇਹੀ ਹੈ ਕਿ ਸੰਸਾਰ ਦਾ ਤਿਆਗ ਕਰਕੇ ਜੰਗਲਾਂ ਵਿਚ ਚਲੇ ਜਾਣਾ। ਸਮੁੱਚੇ ਤੌਰ ਤੇ ਯੋਗ ਨੂੰ ਦੋ ਕਿਸਮਾਂ ਵਿਚ ਵੰਡਿਆ ਗਿਆ ਹੈ ਰਾਜ ਯੋਗ ਤੇ ਹਠਯੋਗ, ਯੋਗ ਸ਼ਾਸ਼ਤ੍ਰ ਦੇ ਕਰਤਾ ਪਤੰਜਲ ਮੁਨੀ ਦਾ ਰਾਜ ਯੋਗ ਹੈ ਜੋ ਕਿ ਚਿਤ ਵਿਰਤੀ ਦੇ ਰੋਕਣ ਨੂੰ ਹੀ ਜੋਗ ਕਹਿੰਦੇ ਹਨ। ਦੂਜਾ ਗੋਰਖ ਨਾਥ ਵਾਲਾ ਜੋਗ ਹੈ ਜੋ ਕਿ ਕਠਨ ਤੱਪਸਿਆ ਤੇ ਸਾਧਨਾ ਤੇ ਜੋਰ ਦੇਣ ਕਾਰਨ ਹਠ-ਯੋਗ ਕਹਾਉਂਦਾ ਹੈ ਜਿਸਦਾ ਗੁਰਮਤ ਦੇ ਵਿਚ ਖੰਡਨ ਹੈ। ਇਹ ਜੋਗੀ ਮਨ ਦੇ ਹਠ ਦੁਆਰਾ ਧੂਣੀਆਂ ਤਾਪਦੇ ਜਲ ਧਾਰੇ ਕਰਦੇ ਅਤੇ ਆਪਣੀ ਦੇਹ ਨੂੰ ਅਨੇਕਾਂ ਤਰ੍ਹਾਂ ਦੇ ਕਸ਼ਟ ਦੇ ਕੇ ਤਪੱਸਿਆ ਕਰਦੇ ਹਨ ਅਜਿਹੇ ਕਰਮ ਕਰਨ ਦੇ ਨਾਲ ਸੰਸਾਰ ਦੀ ਵਡਿਆਈ ਤਾਂ ਮਿਲ ਸਕਦੀ ਹੈ। ਪਰ ਪ੍ਰਮਾਤਮਾ ਦਾ ਮਿਲਾਪ ਨਹੀਂ ਹੋ ਸਕਦਾ ਇਹਨਾਂ ਵਿਚੋਂ ਬਹੁਤੇ ਲੋਕ ਅਜਿਹੇ ਹਨ ਜੋ ਕੇਵਲ ਵਡਿਆਈ ਵਾਸਤੇ ਹੀ ਅਜਿਹੀ ਤਪਸਿਆ ਕਰਦੇ ਹਨ। ਇਹਨਾਂ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਤਾਂ ਇੱਕ ਪਾਸੇ ਰਹੀ ਇਸ ਨਾਲ ਮਨ ਦੀ ਸ਼ੁੱਧਤਾ ਵੀ ਪ੍ਰਾਪਤ ਨਹੀਂ ਹੁੰਦੀ ਅਤੇ ਮਨ ਨੂੰ ਸ਼ਾਂਤੀ ਨਹੀਂ ਮਿਲਦੀ ਤੇ ਈਰਖਾ ਦੀ ਅੱਗ ਵਿਚ ਸੜਦੇ ਰਹਿੰਦੇ ਹਨ। ਪਰ ਗੁਰੂ ਨਾਨਕ ਸਾਹਿਬ ਨੇ ਸੰਸਾਰ ਵਿਚ ਆ ਕਰਕੇ ਇਹਨਾਂ ਮਨ ਹਠ ਦੇ ਸਾਧਨ ਜੋ ਪਰਾਣੇ ਹੋ ਚੁੱਕੇ ਸਨ ਦੂਰ ਕੀਤਾ ਜਿਸ ਬਾਰੇ ਪੰਡਿਤ ਗੁਲਾਬ ਸਿੰਘ ਜੀ ਲਿਖਦੇ ਹਨ।

ਯਥਾ— **ਕਲਿ ਕੇ ਸਭ ਦੂਖ ਨਿਵਾਰਨ ਕੋ, ਭਵ ਤਾਰਨ ਕੋ ਜਗ ਭੀਤਰ ਆਏ ॥**
**ਜਗ ਜੀਰਣ ਸਾਧਨ ਦੂਰ ਕਰੇ, ਦ੍ਰਿਢ ਸਾਧਨ ਰਾਮਹਿ ਨਾਮ ਬਤਾਏ ॥**

[ਭਾਵਰ ਸਾਮ੍ਰਿਤ ਸ੍ਵੈਯਾ ੨]

PDF created with pdfFactory Pro trial version www.pdffactory.com

ਆਪਣੇ ਸਿੱਖਾਂ ਨੂੰ ਸਹਜ ਯੋਗ ਦਾ ਮਾਰਗ ਦੇ ਕਰਕੇ ਹਠ ਯੋਗੀਆਂ ਦੇ ਮਤ ਦਾ ਖੰਡਨ ਕੀਤਾ ਤੇ ਸਿਧਾਂ ਨਾਲ ਚਰਚਾ ਕਰਕੇ ਉਹਨਾਂ ਨੂੰ ਹਰਾਇਆ ਤੇ ਇਹ ਦੱਸਿਆ ਕਿ ਤੁਹਾਡਾ ਮਾਰਗ ਪ੍ਰਮਾਤਮਾ ਨੂੰ ਮਿਲਣ ਵਾਲਾ ਨਹੀਂ ਹੈ ਜੇ ਤੁਸੀਂ ਪ੍ਰਮਾਤਮਾ ਨੂੰ ਮਿਲਣਾ ਚਾਹੁੰਦੇ ਹੋ ਤਾਂ ਹਠ ਯੋਗ ਦਾ ਤਿਆਗ ਕਰਕੇ ਸਹਜ ਯੋਗ ਧਾਰਨ ਕਰੋ। ਭਰਥਰੀ ਵਰਗੇ ਉਹ ਜੋਗੀ ਜਿਨ੍ਹਾਂ ਨੂੰ ਸੈਂਕੜੇ ਸਾਲ ਬੀਤਣ ਤੋਂ ਬਾਅਦ ਵੀ ਹਠ ਯੋਗ ਦੁਆਰਾ ਆਪਣੇ ਸਰੂਪ ਰੂਪੀ ਮੰਜ਼ਲ ਦੀ ਪ੍ਰਾਪਤੀ ਨਹੀਂ ਸੀ ਹੋਈ। ਜਦੋਂ ਗੁਰੂ ਸਾਹਿਬ ਦਾ ਬਚਨ ਮੰਨ ਕੇ ਸਹਜ ਯੋਗ ਧਾਰਨ ਕੀਤਾ ਤਾਂ ਤਤਛਿਨ ਹੀ ਉਸਨੂੰ ਸਭ ਕੁਝ ਪ੍ਰਾਪਤ ਹੋ ਗਿਆ। ਇਸ ਲਈ ਗੁਰੂ ਸਾਹਿਬ ਨੇ ਗੁਰਬਾਣੀ ਵਿਚ ਥਾਂ-ਥਾਂ ਤੇ ਮਨ ਦੇ ਹਠ ਦੁਆਰਾ ਕੀਤੇ ਜਾਣ ਵਾਲੇ ਕਰਮਾਂ ਦਾ ਖੰਡਨ ਕੀਤਾ ਹੈ ਕਿ ਇਹ ਪ੍ਰਭੂ ਪ੍ਰਾਪਤੀ ਦਾ ਮਾਰਗ ਨਹੀਂ ਅਤੇ ਅਗਯਾਨ ਮੂਲਕ ਮਨ ਹਠ ਦਾ ਗੁਰਮਤ ਵਿਚ ਵਿਰੋਧ ਹੈ।

ਯਥਾ— **੧. ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ ॥**

[ਸਿਰੀਰਾਗੁ ਮਃ ੪, ਅੰਗ ੩੯]

**੨. ਮਨਹਠਿ ਕਰਮ ਕਾਮਵਣੇ ਫਿਰਿ ਫਿਰਿ ਜੋਨੀ ਪਾਇ ॥**

[ਵਾਰ ਬਿਲਾਵਲੁ ਮਃ ੩, ਅੰਗ ੮੫੦]

**੩. ਮਨਹਠਿ ਕਾਰ ਕਮਾਵਣੀ ਭਾਈ ਵਿਣੁ ਨਾਵੈ ਕੂੜਿਆਰਿ ॥**

[ਸੋਰਠਿ ਮਃ ੩, ਅੰਗ ੬੩੯]

## *ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥*

ਮਨ ਦੇ ਹਠ ਦੁਆਰਾ ਕਰਮ ਕਰਨ ਵਾਲੇ ਮਨ ਦੇ ਹਠੀਏ ਅਨੇਕਾਂ ਭੇਖਾਂ ਨੂੰ ਧਾਰਨ ਕਰਕੇ ਘਰ ਬਾਰ ਨੂੰ ਛੱਡਕੇ ਜੰਗਲਾਂ ਵਿਚ ਭਟਕਦੇ ਹਨ ਵਾ ਇਸ ਜਨਮ ਤੋਂ ਬਾਅਦ ਜੂਨੀਆਂ ਵਿਚ ਭਟਕਦੇ ਹਨ ਤੇ ਅਜਿਹੇ ਪੁਰਸ਼ਾਂ ਨੇ ਦ੍ਵੈਤ ਭਾਇ=ਭਾਵਨਾ ਕਰਕੇ ਦੁਖ ਹੀ ਪ੍ਰਾਪਤ ਕੀਤਾ ਹੈ ਉਹਨਾਂ ਨੂੰ ਆਤਮਕ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ।

ਯਥਾ— **ਮਨਹਠਿ ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ ॥** [ਸਿਰੀਰਾਗੁ ਮਃ ੩, ਅੰਗ ੬੬]

## *ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥*

ਜੋ ਰਿਧੀਆਂ ਸਿਧੀਆਂ ਪ੍ਰਾਪਤ ਕਰ ਲੈਣੀਆਂ ਹਨ ਇਹ ਸਭ ਮੋਹੁ ਰੂਪ ਹੀ ਹਨ ਵਾ : ਮੋਹੁ ਵਿਚ ਫਸਾਉਣ ਵਾਲੀਆਂ ਹਨ। ਇਹਨਾਂ ਵਿਚ ਪਰਚਣ ਨਾਲ ਮਨ ਵਿਚ ਆ ਕੇ ਨਾਮ ਨਹੀਂ ਵਸਦਾ। ਇਹ ਰਿਧੀਆਂ-ਸਿਧੀਆਂ ਪ੍ਰਮਾਤਮਾ ਦੀ ਪ੍ਰਾਪਤੀ ਦੇ ਮਾਰਗ ਵਿਚ ਰੁਕਾਵਟ ਹਨ। ਕਈ ਲੋਕ ਜੋ ਪ੍ਰਮਾਤਮਾ ਨੂੰ ਮਿਲਣ ਦੇ ਰਸਤੇ ਤੇ ਤੁਰਦੇ ਹਨ ਪਰ ਰਸਤੇ ਵਿਚ ਉਹਨਾਂ ਦਾ ਮਨ ਰਿਧੀਆਂ ਸਿਧੀਆਂ ਵਿਚ ਹੀ ਫਸ ਜਾਂਦਾ ਹੈ।

ਇਸ ਬਾਰੇ ਭਗਤ ਕਬੀਰ ਜੀ ਫੁਰਮਾਨ ਕਰਦੇ ਹਨ।

ਯਥਾ— **ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥** [ਸਲੋਕ ਕਬੀਰ ਜੀ, ਅੰਗ ੧੩੬੯]

ਕਿਉਂਕਿ ਰਿਧੀਆਂ ਸਿਧੀਆਂ ਦੇ ਪ੍ਰਾਪਤ ਹੋਣ ਤੋਂ ਬਾਅਦ ਲੋਕਾਂ ਦੀ ਵਡਿਆਈ ਮਿਲਣ ਨਾਲ ਮਨ ਵਿਚ ਹੰਕਾਰ ਆ ਜਾਂਦਾ ਹੈ ਜੋ ਕਿ ਨਾਮ ਦਾ ਸਭ ਤੋਂ ਵੱਡਾ ਵਿਰੋਧੀ ਹੈ। ਜਿਸ ਕਰਕੇ ਨਾਮ ਮਨ ਵਿੱਚ ਨਹੀਂ ਵਸਦਾ ਭਾਵੇਂ ਗੁਰਸਿੱਖਾਂ ਨੂੰ ਵੀ ਨਾਮ ਦੇ ਜਪਣ ਕਰਕੇ ਰਿਧੀਆਂ ਸਿਧੀਆਂ ਪ੍ਰਾਪਤ ਹੋ ਜਾਂਦੀਆਂ ਹਨ :

ਯਥਾ— **ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ ਗੁਰ ਕੈ ਸਹਿਜ ਸੁਭਾਈ ॥**

[ਸੋਰਠਿ ਮਃ ੩, ਅੰਗ ੬੩੭]

ਪਰ ਉਹ ਗੁਰਸਿੱਖ ਪਿਆਰੇ ਇਹਨਾਂ ਵਿਚ ਫਸਦੇ ਨਹੀਂ, ਕਿਉਂਕਿ ਉਹ ਜਾਣ ਲੈਂਦੇ ਹਨ ਕਿ ਰਿਧੀਆਂ ਸਿਧੀਆਂ

PDF created with pdfFactory Pro trial version www.pdffactory.com

ਦਾ ਸੁਆਦ ਹੋਰ ਕਿਸਮ ਦਾ ਹੈ, ਜੋ ਕਿ ਨਾਮ ਅਨੰਦ ਦੇ ਤੁਲ ਨਹੀਂ ਸਗੋਂ ਨਾਮ ਦੇ ਅਨੰਦ ਵਿਚ ਬਿਘਨ ਪਾਉਣ ਵਾਲਾ ਹੈ ਜੇ ਮਨ ਵਿਚ ਨਾਮ ਵਸਾਉਣਾ ਹੈ ਤਾਂ ਰਿਧੀਆਂ ਸਿਧੀਆਂ ਦਾ ਮੋਹੁ ਤਿਆਗਣਾ ਪਵੇਗਾ ਕਿਉਂਕਿ ਇਹਨਾਂ ਨਾਲ ਨਾਮ ਮਨ ਦੀ ਸੁਧਤਾ ਨਹੀਂ ਹੁੰਦੀ ਨਾਮ ਨੂੰ ਵਸਾਉਣ ਲਈ ਮਨ ਨਿਰਮਲ ਹੋਣਾ ਜ਼ਰੂਰੀ ਹੈ। ਫਿਰ ਗੁਰਸਿੱਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ ! ਮਨ ਕਿਸ ਤਰ੍ਹਾਂ ਨਿਰਮਲ ਹੋ ਸਕਦਾ ਹੈ ਤਾਂ ਗੁਰੂ ਸਾਹਿਬ ਨੇ ਫੁਰਮਾਨ ਕੀਤਾ ਕਿ :

## ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥

ਗੁਰੂ ਦੀ ਸੇਵਾ ਕਰਨ ਦੇ ਨਾਲ ਜਨਮਾਂ-ਜਨਮਾਂਤਰਾਂ ਦਾ ਮੈਲਾ ਮਨ ਨਿਰਮਲੁ=ਸੁੱਧ ਹੋ ਜਾਂਦਾ ਹੈ ਤੇ ਹਿਰਦੇ ਵਿਚੋਂ ਅਗਿਆਨਤਾ ਦਾ ਅੰਧੇਰਾ-ਹਨੇਰਾ ਜਾਇ=ਚਲਾ ਭਾਵ ਦੂਰ ਹੋ ਜਾਂਦਾ ਹੈ।

ਯਥਾ— **੧. ਸਤਿਗੁਰਿ ਸੇਵਿਐ ਮਨੁ ਨਿਰਮਲਾ ਭਏ ਪਵਿਤੁ ਸਰੀਰ ॥** [ਸਿਰੀਰਾਗ ਮਃ ੩, ਅੰਗ ੬੯]

**੨. ਸਤਗੁਰੁ ਸੇਵਿ ਮਨੁ ਨਿਰਮਲਾ ਹਉਮੈ ਤਜਿ ਵਿਕਾਰ ॥** [ਸਿਰੀਰਾਗੁ ਮਃ ੩, ਅੰਗ ੩੪]

## ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥੧॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜਿਨ੍ਹਾਂ ਦੇ ਹਿਰਦੇ ਰੂਪੀ ਘਰ ਵਿਚ ਨਾਮ ਰੂਪੀ ਰਤਨ ਪ੍ਰਗਟ ਹੋਇਆ ਹੈ ਉਹ ਨਾਮ ਦੀ ਸਕਤੀ ਨਾਲ ਸਹਜਿ=ਗਿਆਨ ਵਾ ਬ੍ਰਹਮ ਵਿਚ ਸਮਾਇ=ਸਮਾ ਜਾਂਦੇ ਹਨ ਭਾਵ ਉਸੇ ਦਾ ਰੂਪ ਹੋ ਜਾਂਦੇ ਹਨ ਜਿਸ ਤਰ੍ਹਾਂ ਗੜਾ=ਓਲਾ ਢਲ ਕੇ ਪਾਣੀ ਦਾ ਰੂਪ ਹੋ ਜਾਂਦਾ ਹੈ :

ਯਥਾ— **ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ ॥** [ਸਲੋਕ ਕਬੀਰ ਜੀ, ਅੰਗ ੧੩੭੪]

## ਮਃ ੩ ॥ ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ ॥

ਜਿਨ੍ਹਾਂ ਮਨਮੁਖਾਂ ਨੂੰ ਗੁਰਾਂ ਦੇ ਗੁਰਬਾਣੀ ਰੂਪੀ ਸਬਦੈ=ਉਪਦੇਸ ਦਾ ਸਾਦੁ=ਅਨੰਦ ਨਹੀਂ ਆਇਆ ਅਤੇ ਵਾਹਿਗੁਰੂ ਦੇ ਨਾਮ ਦਾ ਪਿਆਰ ਨਹੀਂ ਲਗਿਆ ਉਹ

## ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ॥

ਜੀਵ ਰਸਨਾ ਤੋਂ ਫਿਕੇ ਬਚਨ ਬੋਲਦਾ ਹੈ ਜਿਸ ਕਰਕੇ ਉਹ ਨਿਤ ਨਿਤ=ਨਿਤਾਪ੍ਰਤੀ ਭਾਵ ਸਦਾ ਹੀ ਖੁਆਰੁ=ਖੱਜਲ ਖਰਾਬ ਹੁੰਦਾ ਹੈ। ਵਾ ਰੁਲਦਾ ਵਾ ਦੁੱਖੀ ਹੁੰਦਾ। ਕਿਉਂਕਿ ਜਦੋਂ ਤੱਕ ਹਿਰਦੇ ਵਿਚ ਨਾਮ ਦਾ ਪਿਆਰ ਨਹੀਂ ਲੱਗਦਾ ਉਦੋਂ ਤਕ ਸਾਡੇ ਬਚਨਾਂ ਵਿੱਚ ਮਿਠਾਸ ਨਹੀਂ ਆ ਸਕਦੀ ਅਤੇ ਅਸੀਂ ਸਦਾ ਹੀ ਦੂਜੇ ਦੇ ਦਿਲ ਨੂੰ ਦੁਖਾਉਣ ਵਾਲੇ ਬਚਨ ਕਰਦੇ ਰਹਾਂਗੇ ਪਰ ਜਦੋਂ ਹਿਰਦੇ ਵਿਚ ਨਾਮ ਵੱਸ ਗਿਆ ਤਾਂ ਫਿਰ ਰਸਨਾ ਤੋਂ ਅੰਮ੍ਰਿਤ ਦੀ ਨਿਆਈ ਮਿਠੇ ਬਚਨ ਨਿਕਲਦੇ ਹਨ ਪਰ ਇਹ ਜੀਵ ਦੇ ਵਸ ਨਹੀਂ ਸਤਿਗੁਰੂ ਜੀ ਅੱਗੇ ਦਸਦੇ ਹਨ ਕਿ।

## ਨਾਨਕ ਕਿਰਤਿ ਪਇਐ ਕਮਾਵਣਾ ਕੋਇ ਨ ਮੇਟਣਹਾਰੁ ॥੨॥

ਸਤਿਗੁਰੂ ਜੀ ਫਰਮਾਉਂਦੇ ਹਨ ਕਿ ਪੂਰਬਲੇ ਕਿਰਤਿ=ਕੀਤੇ ਹੋਏ ਕਰਮਾਂ ਦਾ ਜੋ ਲੇਖ ਜੀਵ ਦੇ ਮਥੇ ਤੇ ਪਇਐ=ਪਿਆ ਹੈ ਉਹੀ ਉਸਨੇ ਕਮਾਉਣਾ ਕੀਤਾ ਹੈ। ਭੋਗੇ ਤੋਂ ਬਿਨਾਂ ਕਰਮਾਂ ਨੂੰ ਕੋਈ ਵੀ ਮਿਟਾਉਣ ਵਾਲਾ ਨਹੀਂ ਵਾ : ਗੁਰੂ ਜਾਂ ਪ੍ਰਮੇਸ਼ਰ ਤੋਂ ਬਿਨਾਂ ਜੀਵ ਦੇ ਲੇਖਾਂ ਨੂੰ ਮਿਟਾਉਣ ਵਾਲਾ ਕੋਈ ਨਹੀਂ।

ਯਥਾ— **੧. ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥** [ਰਾਮਕਲੀ ਮਃ ੧, ਅੰਗ ੯੩੭]

PDF created with pdfFactory Pro trial version www.pdffactory.com

**੨. ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥** [ਸਿਰੀਰਾਗੁ ਮ: ੧, ਅੰਗ ੭੪]

**੩. ਭੋਗੇ ਬਿਨ ਭਾਗੈ ਨਹੀਂ ਕਰਮ ਗਤੀ ਬਲਵੰਤ ॥** [ਧਰਮ ਸ਼ਾਸਤ੍ਰ ਫੁਰਮਾਣ]

## *ਪਉੜੀ ॥ ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥*

ਸਤ ਪੁਰਖੁ=ਅਕਾਲ ਪੁਰਖ ਦੇ ਸਰੂਪ ਸਾਡੇ ਸਤਿਗੁਰੂ ਜੀ ਧਨੁ ਧਨੁ=ਮਨ, ਬਾਣੀ ਕਰਕੇ ਧੰਨਤਾ ਦੇ ਯੋਗ ਹਨ ਜਿਨ੍ਹਾਂ ਗੁਰਾਂ ਨਾਲ ਮਿਲਾਪ ਕਰਨ ਕਰਕੇ ਹਮ=ਤਮਾਮ ਜੀਵਾਂ ਦੇ ਹਿਰਦੇ ਕਉ=ਨੂੰ ਜੋ ਈਰਖਾ, ਦਵੈਸ਼, ਤ੍ਰਿਸ਼ਨਾ ਦੀ ਅੱਗ ਨਾਲ ਸੜ ਰਿਹਾ ਸੀ ਸ਼ਾਂਤੀ ਆਈ ਹੈ।

## *ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥*

ਸਾਡੇ ਸਤਿਗੁਰੂ ਜੋ ਸਤਪੁਰਖੁ=ਪਰਮੇਸ਼ਰ ਦਾ ਰੂਪ ਹਨ ਉਹ ਧਨੁ ਧਨੁ=ਧੰਨਤਾ ਦੇ ਯੋਗ ਹਨ ਜਿਨ੍ਹਾਂ ਗੁਰਾਂ ਨਾਲ ਮਿਲਾਪ ਕਰਕੇ ਹਮ=ਅਸੀਂ ਹਰਿ=ਵਾਹਿਗੁਰੂ ਦੀ ਭਗਤੀ ਪ੍ਰਾਪਤ ਕੀਤੀ ਹੈ।

## *ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ ॥*

ਹਰੀ ਦੇ ਭਗਤ [ਵਾ] ਹਰਿ=ਵਾਹਿਗੁਰੂ ਦੀ ਭਗਤੀ ਦ੍ਰਿੜ ਕਰਾਉਣ ਵਾਲੇ ਸਾਡੇ ਸਤਿਗੁਰੂ ਜੀ ਧੰਨ ਧੰਨ ਹਨ ਜਿਨ੍ਹਾਂ ਗੁਰਾਂ ਦੀ ਸੇਵਾ ਕਰਨ ਤੋਂ ਹੀ ਹਮ=ਅਸੀਂ ਹਰਿ=ਵਾਹਿਗੁਰੂ ਪ੍ਰਮੇਸ਼ਰ ਦੇ ਨਾਮ ਵਿਚ ਲਿਵ=ਬਿਰਤੀ ਲਾਈ ਹੈ।

## *ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥*

ਹਰਿ=ਵਾਹਿਗੁਰੂ ਦੇ ਗਿਆਨੀ=ਜਾਨਣ ਵਾ ਜਨਾਉਣ ਵਾਲੇ ਸਾਡੇ ਸਤਿਗੁਰੂ ਜੀ ਧਨੁ ਧਨੁ=ਮਨ ਬਾਣੀ ਕਰਕੇ ਧੰਨਤਾ ਦੇ ਯੋਗ ਹਨ ਜਿਨ੍ਹਾਂ ਨੇ ਸਭ=ਸਾਰੇ ਵੈਰੀ ਅਤੇ ਮਿਤ੍ਰ ਵਿਚ ਹਮ=ਸਾਨੂੰ ਸਮ=ਬਰਾਬਰ ਦ੍ਰਿਸ਼ਟੀ ਵਿਖਾਈ ਹੈ ਭਾਵ ਸੰਸਾਰ ਵਿਚ ਸਾਡੇ ਨਾਲ ਕੋਈ ਵੀ ਵੈਰ ਕਰਨ ਵਾਲਾ ਵੈਰੀ ਨਹੀਂ ਹੈ।

ਯਥਾ— **੧. ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥** [ਧਨਾਸਰੀ ਮ: ੫, ਅੰਗ ੬੭੧]

**੨. ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥** [ਧਨਾਸਰੀ ਮ: ੫, ਅੰਗ ੬੭੧]

**੩. ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥** [ਕਾਨੜਾ ਮ: ੫, ਅੰਗ ੧੨੯੯]

## *ਧਨੁ ਧਨੁ ਸਤਿਗੁਰੂ ਮਿਤ੍ਰੁ ਹਮਾਰਾ ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ ॥੧੯॥*

ਸਾਡੇ ਪ੍ਰਲੋਕ ਦੇ ਅਸਲੀ ਸਚੇ ਮਿਤ੍ਰ ਸਤਿਗੁਰੂ ਜੀ ਧੰਨੁ ਧੰਨ ਹਨ ਜਿਨ੍ਹਾਂ ਗੁਰਾਂ ਨੇ ਹਰਿ=ਵਾਹਿਗੁਰੂ ਦੇ ਨਾਮ

PDF created with pdfFactory Pro trial version www.pdffactory.com

ਨਾਲ ਸਾਡੀ ਪ੍ਰੀਤੀ ਬਣਾ ਦਿੱਤੀ ਹੈ। ਕਿਉਂਕਿ ਪ੍ਰੀਤ ਉਸੇ ਨਾਲ ਕਰੀ ਦੀ ਹੈ ਜਿਸ ਉਤੇ ਭਰੋਸਾ ਹੋਵੇ ਕਿ ਇਹ ਮੇਰੀ ਸਹਾਇਤਾ ਕਰੇਗਾ। ਇਸੇ ਤਰ੍ਹਾਂ ਨਾਮ ਨਾਲ ਉਦੋਂ ਤੱਕ ਪ੍ਰੀਤੀ ਨਹੀਂ ਹੁੰਦੀ ਜਦੋਂ ਤੱਕ ਨਾਮ ਤੇ ਇਹ ਭਰੋਸਾ ਨਹੀਂ ਹੋ ਜਾਂਦਾ ਕਿ ਨਾਮ ਸਾਡੀ ਲੋਕ ਪ੍ਰਲੋਕ ਵਿਚ ਸਹਾਇਤਾ ਕਰੇਗਾ ਤੇ ਇਹ ਭਰੋਸਾ ਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦਾ ਇਸ ਤਰ੍ਹਾਂ ਗੁਰੂ ਸਾਹਿਬ ਜੀ ਹੀ ਹਨ ਜੋ ਜਗਿਆਸੂ ਦੇ ਮਨ ਵਿਚ ਨਾਮ ਪ੍ਰਤੀ ਪ੍ਰੇਮ ਭਾਵਨਾ ਪੈਦਾ ਕਰਨ ਵਾਲੇ ਹਨ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com